# ਕੋਸੀ ਕਲਾਂ ਵਿੱਚ 6 ਅਕਤੂਬਰ ਨੂੰ ਪੂਸਾ ਬਾਸਮਤੀ 1509 ਦਾ ਭਾਅ 5,100 ਰੁਪਏ ਦਰਜ

ਸਰਕਾਰੀ ਪੋਰਟਲ https://agmarknet.gov.in ਤੋਂ ਮਿਲੇ ਅੰਕੜਿਆਂ ਮੁਤਾਬਿਕ, 3-9 ਅਕਤੂਬਰ ਦੇ ਹਫ਼ਤੇ ਦੌਰਾਨ ਉੱਤਰ ਪ੍ਰਦੇਸ਼ ਦੇ ਮਥੁਰਾ ਜ਼ਿਲ੍ਹੇ ਦੀ ਕੋਸੀ ਕਲਾਂ ਮੰਡੀ ਵਿਚ 6 ਅਕਤੂਬਰ ਨੂੰ ਜਲਦੀ ਤਿਆਰ ਹੋਣ ਵਾਲੀ ਬਾਸਮਤੀ ਦੀ ਕਿਸਮ ਪੂਸਾ ਬਾਸਮਤੀ 1509 ਦਾ ਭਾਅ ਸਭ ਤੋਂ ਵੱਧ ਰਿਹਾ ਜਿਹੜਾ ਕਿ 5,100 ਰੁਪਏ ਪ੍ਰਤੀ ਕੁਇੰਟਲ ਸੀ। ਉਸੇ ਦਿਨ ਮੰਡੀ ਵਿੱਚ ਇਸਦਾ ਘੱਟੋ-ਘੱਟ ਭਾਅ 4,000 ਰੁਪਏ ਪ੍ਰਤੀ ਕੁਇੰਟਲ ਦਰਜ ਕੀਤਾ ਗਿਆ।

ਹਾਲਾਂਕਿ, 7 ਅਤੇ 8 ਅਕਤੂਬਰ ਨੂੰ ਕੋਸੀ ਕਲਾਂ ਮੰਡੀ ਵਿੱਚ ਪੂਸਾ ਬਾਸਮਤੀ 1509 ਦਾ ਵੱਧ ਤੋਂ ਵੱਧ ਰੇਟ ਘਟ ਕੇ 2,900 ਰੁਪਏ ਪ੍ਰਤੀ ਕੁਇੰਟਲ ਰਹਿ ਗਿਆ। 9 ਅਕਤੂਬਰ ਨੂੰ ਕੋਸੀ ਕਲਾਂ ਵਿੱਚ ਇਸ ਜਿਣਸ ਦਾ ਵੱਧ ਤੋਂ ਵੱਧ ਭਾਅ 2,840 ਰੁਪਏ ਪ੍ਰਤੀ ਕੁਇੰਟਲ ਦਰਜ ਕੀਤਾ ਗਿਆ।

ਹਫ਼ਤੇ ਦੇ ਦੌਰਾਨ, ਪੋਰਟਲ ਨੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੇ 32 ਜ਼ਿਲ੍ਹਿਆਂ ਤੋਂ ਪੂਸਾ ਬਾਸਮਤੀ 1509 ਦੇ ਮੰਡੀ ਭਾਅ ਦਰਜ ਕੀਤੇ। ਇਨ੍ਹਾਂ ਚਾਰ ਸੂਬਿਆਂ ਦੇ ਸੱਤ ਜ਼ਿਲ੍ਹਿਆਂ ਵਿੱਚ 18 ਵਾਰ ਫ਼ਸਲ ਦਾ ਆਮ ਭਾਅ 3,000 ਪ੍ਰਤੀ ਕੁਇੰਟਲ ਤੋਂ ਵੱਧ ਰਿਹਾ।

ਇਨ੍ਹਾਂ ਸੂਬਿਆਂ ਦੇ 12 ਜ਼ਿਲ੍ਹਿਆਂ ਵਿੱਚ ਪੂਸਾ ਬਾਸਮਤੀ 1509 ਦਾ ਵੱਧ ਤੋਂ ਵੱਧ ਭਾਅ 39 ਵਾਰ 3,000 ਰੁਪਏ ਪ੍ਰਤੀ ਕੁਇੰਟਲ ਤੋਂ ਉੱਪਰ ਰਿਹਾ। ਐਮ ਪੀ ਦੀ ਦਤਿਆ ਮੰਡੀ ਵਿੱਚ ਫ਼ਸਲ ਦਾ ਸਭ ਤੋਂ ਨੀਵਾਂ ਵੱਧ ਤੋਂ ਵੱਧ ਭਾਅ 6 ਅਤੇ 5 ਅਕਤੂਬਰ ਨੂੰ ਕ੍ਰਮਵਾਰ 1,790 ਰੁਪਏ ਪ੍ਰਤੀ ਕੁਇੰਟਲ ਅਤੇ 1,815 ਰੁਪਏ ਪ੍ਰਤੀ ਕੁਇੰਟਲ ਦਰਜ ਕੀਤਾ ਗਿਆ।

ਪੰਜਾਬ, ਹਰਿਆਣਾ, ਯੂ ਪੀ ਅਤੇ ਐਮ ਪੀ ਦੀਆਂ ਮੰਡੀਆਂ ਵਿੱਚ ਬਾਸਮਤੀ ਦੀਆਂ ਹੋਰ ਕਿਸਮਾਂ ਦੀ ਵੀ ਆਮਦ ਸ਼ੁਰੂ ਹੋ ਚੁੱਕੀ ਹੈ।

ਹਫ਼ਤੇ ਦੇ ਦੌਰਾਨ, ਪੰਜਾਬ ਦੇ ਸੱਤ ਜ਼ਿਲ੍ਹਿਆਂ ਦੀਆਂ ਮੰਡੀਆਂ ਵਿੱਚ ਬਾਸਮਤੀ ਦੀ ਕਿਸਮ ਪੂਸਾ ਬਾਸਮਤੀ 1121 ਦੀ ਆਮਦ ਦੀ ਸੂਚਨਾ ਹੈ। ਮਾਨਸਾ ਜ਼ਿਲ੍ਹੇ ਦੀ ਬਰੇਟਾ ਮੰਡੀ ਵਿੱਚ 8 ਅਕਤੂਬਰ ਨੂੰ ਪੂਸਾ ਬਾਸਮਤੀ 1121 ਦਾ ਵੱਧ ਤੋਂ ਵੱਧ ਭਾਅ 3,400 ਰੁਪਏ ਪ੍ਰਤੀ ਕੁਇੰਟਲ ਦਰਜ ਕੀਤਾ ਗਿਆ।

ਹਫ਼ਤੇ ਦੇ ਦੌਰਾਨ, ਯੂ ਪੀ ਦੇ ਚਾਰ ਜ਼ਿਲ੍ਹਿਆਂ ਵਿੱਚ ਬਾਸਮਤੀ ਦੀ ਕਿਸਮ ਸੁਗੰਧਾ ਦੀ ਆਮਦ ਦਰਜ ਕੀਤੀ ਗਈ। ਇਹ 2,300-3,000 ਰੁਪਏ ਪ੍ਰਤੀ ਕੁਇੰਟਲ ਦੇ ਦਰਮਿਆਨ ਵਿਕੀ।

ਯੂ ਪੀ ਦੇ ਮੁਰਾਦਾਬਾਦ ਜ਼ਿਲ੍ਹੇ ਦੀ ਬਹਿਜੋਈ ਮੰਡੀ ਵਿੱਚ ਹਫ਼ਤੇ ਦੇ ਦੌਰਾਨ, ਸੁਪਰ ਬਾਸਮਤੀ ਦੀ ਆਮਦ ਦੀ ਸੂਚਨਾ ਮਿਲੀ। ਇਹ 1,950-2,200 ਰੁਪਏ ਪ੍ਰਤੀ ਕੁਇੰਟਲ ਦੇ ਦਰਮਿਆਨ ਵਿਕੀ।